CDTFA

CALIFORNIA DEPARTMENT OF
TAX AND FEE ADMINISTRATION



# ਕੈਲੀਫੋਰਨੀਆ ਵਿੱਚ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਦੀ ਵਿਕਰੀ

## ਪ੍ਰਚੂਨ ਵਿਕਰੇਤਾਵਾਂ ਲਈ ਲਾਇਸੰਸ ਸ਼ਰਤਾਂ

# ਸਿਗਰਟ ਕੀ ਹੁੰਦੀ ਹੈ?

"ਸਿਗਰਟ"[1] ਦੀ ਪਰਿਭਾਸ਼ਾ ਇੱਕ ਅਜਿਹੇ ਲਪੇਟੇ ਹੋਏ ਉਤਪਾਦ ਵਜੋਂ ਕੀਤੀ ਜਾਂਦੀ ਹੈ ਜੋ ਸਿਗਰਟਨੋਸ਼ੀ ਲਈ ਵਰਤਿਆ ਜਾਂਦਾ ਹੈ, ਕਿਸੇ ਵੀ ਆਕਾਰ ਜਾਂ ਸ਼ਕਲ ਦਾ ਹੋ ਸਕਦਾ ਹੈ, ਅਤੇ ਜੋ:

- ਕਿਸੇ ਵੀ ਤੰਬਾਕੂ ਤੋਂ ਬਣਿਆ ਹੈ, ਚਾਹੇ ਇਹ ਸਵਾਦਯੁਕਤ (flavoured) ਹੋਵੇ ਜਾਂ ਨਹੀਂ, ਅਤੇ
- ਜਿਸ ਦਾ ਇੱਕ ਰੈਪਰ ਹੈ ਜੋ ਕਾਗਜ਼ ਜਾਂ ਕਿਸੇ ਹੋਰ ਸਮੱਗਰੀ ਤੋਂ ਬਣਿਆ ਹੈ।

*ਅਪਵਾਦ*: ਜਿਹੜੇ ਉਤਪਾਦ ਤੰਬਾਕੂ ਵਿੱਚ ਲਪੇਟੇ ਹੋਏ ਹੁੰਦੇ ਹਨ ਜਾਂ ਜਿਨ੍ਹਾਂ ਦਾ ਬਾਹਰੀ ਕਵਰ ਜ਼ਿਆਦਾਤਰ ਤੰਬਾਕੂ ਦਾ ਬਣਿਆ ਹੁੰਦਾ ਹੈ (ਉਦਾਹਰਨ ਲਈ, ਸਿਗਾਰ), ਉਹਨਾਂ ਨੂੰ ਸਿਗਰਟਾਂ ਨਹੀਂ ਮੰਨਿਆ ਜਾਂਦਾ ਜੇਕਰ ਉਹਨਾਂ ਦਾ ਵਜ਼ਨ ਪ੍ਰਤੀ ਹਜ਼ਾਰ ਸਟਿੱਕ ਤਿੰਨ ਪੌਂਡ ਤੋਂ ਵੱਧ ਹੋਵੇ। ਇਸ ਦੀ ਬਜਾਏ, ਇਹਨਾਂ ਉਤਪਾਦਾਂ ਨੂੰ ਤੰਬਾਕੂ ਉਤਪਾਦ ਮੰਨਿਆ ਜਾਂਦਾ ਹੈ।

# ਤੰਬਾਕੂ ਉਤਪਾਦ ਕੀ ਹੁੰਦਾ ਹੈ?

"ਤੰਬਾਕੂ ਉਤਪਾਦ"[2] ਵਿੱਚ ਸ਼ਾਮਲ ਹਨ, ਪਰ ਇਹਨਾਂ ਤੱਕ ਸੀਮਤ ਨਹੀਂ:

1. ਸਿਗਾਰਾਂ ਦੇ ਸਾਰੇ ਰੂਪ (ਜਿਸ ਵਿੱਚ ਛੋਟੇ ਸਿਗਾਰ ਵੀ ਸ਼ਾਮਲ ਹਨ)
2. ਸਿਗਰਟਨੋਸ਼ੀ ਜਾਂ ਪਾਈਪ ਤੰਬਾਕੂ (ਜਿਸ ਵਿੱਚ ਸ਼ੀਸ਼ਾ ਵੀ ਸ਼ਾਮਲ ਹੈ), ਚਬਾਉਣ ਵਾਲਾ ਤੰਬਾਕੂ, ਅਤੇ ਨਸਵਾਰ,
3. ਕੋਈ ਵੀ ਉਤਪਾਦ ਜਿਸ ਵਿੱਚ ਤੰਬਾਕੂ ਦੀ ਕੋਈ ਵੀ ਮਾਤਰਾ ਹੋਵੇ, ਤੰਬਾਕੂ ਤੋਂ ਬਣਿਆ ਹੋਵੇ ਜਾਂ ਉਸ ਤੋਂ ਲਿਆ ਗਿਆ ਹੋਵੇ, ਅਤੇ ਮਨੁੱਖੀ ਵਰਤੋਂ ਲਈ ਬਣਾਇਆ ਗਿਆ ਹੋਵੇ,
4. ਕੋਈ ਵੀ ਉਤਪਾਦ ਜਿਸ ਵਿੱਚ ਨਿਕੋਟੀਨ ਦੀ ਕੋਈ ਵੀ ਮਾਤਰਾ ਹੋਵੇ, ਨਿਕੋਟੀਨ ਤੋਂ ਬਣਿਆ ਹੋਵੇ ਜਾਂ ਉਸ ਤੋਂ ਲਿਆ ਗਿਆ ਹੋਵੇ, ਜੋ ਮਨੁੱਖੀ ਵਰਤੋਂ ਲਈ ਬਣਾਇਆ ਗਿਆ ਹੋਵੇ ਅਤੇ ਡਿਲੀਵਰੀ ਯੰਤਰ ਜਾਂ ਪਰ੍ਣਾਲੀ ਦੇ ਨਾਲ ਜਾਂ ਉਸ ਤੋਂ ਬਿਨਾਂ ਵੇਚਿਆ ਜਾਵੇ (ਉਦਾਹਰਨ ਲਈ, ਨਿਕੋਟੀਨ ਵਾਲਾ ਈ-ਤਰਲ),
5. ਇਲੈਕਟ੍ਰਾਨਿਕ ਸਿਗਰਟਾਂ (ਈ-ਸਿਗਰਟਾਂ) ਜਾਂ ਕੋਈ ਵੀ ਯੰਤਰ ਜਾਂ ਡਿਲੀਵਰੀ ਪਰ੍ਣਾਲੀ ਜੋ ਨਿਕੋਟੀਨ ਦੇ ਨਾਲ ਇੱਕੋ ਕੀਮਤ 'ਤੇ ਵੇਚੀ ਜਾਂਦੀ ਹੈ, ਅਤੇ
6. ਈ-ਸਿਗਰਟ ਦਾ ਕੋਈ ਵੀ ਪੁਰਜ਼ਾ, ਭਾਗ ਜਾਂ ਸਹਾਇਕ ਵਸਤੂ, ਜੋ ਯੰਤਰ ਦੇ ਚਾਲੂ ਹੋਣ ਵੇਲੇ ਵਰਤਿਆ ਜਾਂਦਾ ਹੈ ਅਤੇ ਨਿਕੋਟੀਨ ਦੇ ਨਾਲ ਮਿਲਾ ਕੇ (ਇੱਕੋ ਕੀਮਤ 'ਤੇ) ਵੇਚਿਆ ਜਾਂਦਾ ਹੈ (ਉਦਾਹਰਨ ਲਈ, ਯੰਤਰ ਦੇ ਚਾਲੂ ਹੋਣ ਵੇਲੇ ਵਰਤੀ ਜਾਣ ਵਾਲੀ ਬੈਟਰੀ ਜੋ ਨਿਕੋਟੀਨ ਦੇ ਨਾਲ ਇੱਕੋ ਕੀਮਤ 'ਤੇ ਵੇਚੀ ਜਾਂਦੀ ਹੈ)।

ਕੈਲੀਫੋਰਨੀਆ ਰਾਜ ਦਾ ਕਾਨੂੰਨ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਦੇ ਪ੍ਰਚੂਨ ਲਾਇਸੰਸਿੰਗ ਦੇ ਉਦੇਸ਼ਾਂ ਲਈ ਤੰਬਾਕੂ ਉਤਪਾਦਾਂ,[3] ਦੀ ਪਰਿਭਾਸ਼ਾ ਵੀ ਦਿੰਦਾ ਹੈ, ਜਿਸ ਵਿੱਚ ਸ਼ਾਮਲ ਹਨ:

1. ਉਹ ਉਤਪਾਦ ਜਿਸ ਵਿੱਚ ਤੰਬਾਕੂ ਜਾਂ ਨਿਕੋਟੀਨ ਦੀ ਕੋਈ ਵੀ ਮਾਤਰਾ ਹੋਵੇ, ਤੰਬਾਕੂ ਜਾਂ ਨਿਕੋਟੀਨ ਤੋਂ ਬਣਿਆ ਹੋਵੇ ਜਾਂ ਉਸ ਤੋਂ ਲਿਆ ਗਿਆ ਹੋਵੇ, ਅਤੇ ਜੋ ਮਨੁੱਖੀ ਵਰਤੋਂ ਲਈ ਬਣਾਇਆ ਗਿਆ ਹੋਵੇ,
2. ਇਲੈਕਟ੍ਰਾਨਿਕ ਯੰਤਰ ਜੋ ਨਿਕੋਟੀਨ ਜਾਂ ਹੋਰ ਭਾਫ ਬਣੇ ਤਰਲ ਪਦਾਰਥਾਂ ਨੂੰ ਪ੍ਰਦਾਨ ਕਰਦਾ ਹੈ, ਅਤੇ
3. ਕਿਸੇ ਤੰਬਾਕੂ ਉਤਪਾਦ ਦਾ ਕੋਈ ਵੀ ਪੁਰਜ਼ਾ, ਭਾਗ ਜਾਂ ਸਹਾਇਕ ਵਸਤੂ, ਭਾਵੇਂ ਉਹ ਵੱਖਰੇ ਤੌਰ 'ਤੇ ਵੇਚੀ ਜਾਵੇ ਜਾਂ ਨਾ।

ਉਦਾਹਰਨਾਂ ਵਿੱਚ ਸ਼ਾਮਲ ਹਨ, ਪਰ ਇਹਨਾਂ ਤੱਕ ਸੀਮਤ ਨਹੀਂ: ਈ-ਸਿਗਰਟਾਂ, ਐਟੋਮਾਈਜ਼ਰ, ਵੈਪਿੰਗ ਟੈਂਕ ਜਾਂ ਮੋਡ, ਅਤੇ ਈ-ਤਰਲ ਜਾਂ ਈ-ਜੂਸ।

ਤੰਬਾਕੂ ਉਤਪਾਦਾਂ ਵਿੱਚ ਸਿਗਰਟਾਂ, ਖਾਣ-ਪੀਣ ਵਾਲੇ ਪਦਾਰਥ,[4] ਜਾਂ ਕੋਈ ਵੀ ਅਜਿਹਾ ਉਤਪਾਦ ਸ਼ਾਮਲ ਨਹੀਂ ਹੈ ਜਿਸਨੂੰ U.S. Food and Drug Administration (ਯੂ.ਐੱਸ. ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ USFDA) ਦੁਆਰਾ ਤੰਬਾਕੂ ਛੁਡਾਉਣ ਵਾਲੇ ਉਤਪਾਦ ਵਜੋਂ ਜਾਂ ਹੋਰ ਇਲਾਜ ਦੇ ਉਦੇਸ਼ਾਂ ਲਈ ਵੇਚਣ ਦੀ ਪ੍ਰਵਾਨਗੀ ਦਿੱਤੀ ਗਈ ਹੋਵੇ (ਉਦਾਹਰਨ ਲਈ, ਨਿਕੋਟੀਨ ਪੈਚ)।

---

[1] ਮਾਲੀਆ ਅਤੇ ਟੈਕਸੇਸ਼ਨ ਕੋਡ (R&TC) ਧਾਰਾ 30003
[2] R&TC ਧਾਰਾਵਾਂ 30121 ਅਤੇ 30131.1
[3] ਵਪਾਰ ਅਤੇ ਪੇਸ਼ੇ ਕੋਡ (B&PC) ਧਾਰਾ 22950.5(d)
[4] R&TC ਧਾਰਾ 6359

## ਕੈਲੀਫੋਰਨੀਆ ਸਿਗਰਟ ਅਤੇ ਤੰਬਾਕੂ ਉਤਪਾਦਾਂ ਦਾ ਪ੍ਰਚੂਨ ਲਾਇਸੰਸ ਕਿਸ ਨੂੰ ਲੈਣਾ ਜ਼ਰੂਰੀ ਹੈ?

ਕੈਲੀਫੋਰਨੀਆ ਵਿੱਚ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਦੇ ਪ੍ਰਚੂਨ ਵਿਕਰੇਤਾਵਾਂ ਨੂੰ ਸਿਗਰਟ ਅਤੇ ਤੰਬਾਕੂ ਉਤਪਾਦ ਪ੍ਰਚੂਨ ਲਾਇਸੰਸ ਲੈਣਾ ਜ਼ਰੂਰੀ ਹੈ ਅਤੇ ਉਹਨਾਂ ਨੂੰ ਲਾਜ਼ਮੀ ਤੌਰ 'ਤੇ:

- ਕੈਲੀਫੋਰਨੀਆ ਦੇ ਲਾਇਸੰਸਸ਼ੁਦਾ ਡਿਸਟਰੀਬਿਊਟਰਾਂ ਜਾਂ ਥੋਕ ਵਿਕਰੇਤਾਵਾਂ ਤੋਂ ਟੈਕਸ-ਭੁਗਤਾਨ ਕੀਤੇ ਉਤਪਾਦ ਖਰੀਦਣ ਤੋਂ ਪਹਿਲਾਂ ਅਤੇ ਖਪਤਕਾਰਾਂ ਨੂੰ ਸਿਗਰਟਾਂ ਜਾਂ ਹੋਰ ਤੰਬਾਕੂ ਉਤਪਾਦਾਂ ਦੀ ਪਰਚੂਨ ਵਿਕਰੀ ਕਰਨ ਤੋਂ ਪਹਿਲਾਂ, ਇੱਕ ਵੈਧ ਲਾਇਸੰਸ ਹੋਣਾ ਜ਼ਰੂਰੀ ਹੈ (ਸਿਗਰਟ ਅਤੇ ਤੰਬਾਕੂ ਉਤਪਾਦ ਲਾਇਸੰਸਿੰਗ ਐਕਟ, 2003 [ਲਾਇਸੰਸਿੰਗ ਐਕਟ])।[5]
- ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਦੀ ਪਰਚੂਨ ਵਿਕਰੀ ਕਰਨ ਵਾਲੀ ਹਰੇਕ ਥਾਂ ਜਾਂ ਵੈਂਡਿੰਗ ਮਸ਼ੀਨ ਲਈ ਇੱਕ ਵੱਖਰਾ ਲਾਇਸੰਸ ਹੋਣਾ ਜ਼ਰੂਰੀ ਹੈ।
- ਆਪਣਾ ਲਾਇਸੰਸ ਹਰੇਕ ਪਰਚੂਨ ਸਥਾਨ 'ਤੇ ਅਜਿਹੇ ਢੰਗ ਨਾਲ ਪਰਦਰਸ਼ਿਤ ਕਰਨਾ ਜੋ ਜਨਤਾ ਨੂੰ ਸਪੱਸ਼ਟ ਤੌਰ 'ਤੇ ਦਿਖਾਈ ਦੇਵੇ।
- ਹਰੇਕ ਸਥਾਨ ਲਈ ਸ਼ੁਰੂਆਤੀ ਲਾਇਸੰਸ ਅਰਜ਼ੀ ਫੀਸ ਅਤੇ ਸਾਲਾਨਾ ਲਾਇਸੰਸ ਨਵੀਨੀਕਰਨ ਫੀਸ ਦਾ ਭੁਗਤਾਨ ਕਰਨਾ।

*ਕਿਰਪਾ ਕਰਕੇ ਧਿਆਨ ਦਿਓ*: ਪ੍ਰਚੂਨ ਵਿਕਰੇਤਾਵਾਂ ਨੂੰ ਕਿਸੇ ਅਜਿਹੇ ਬਾਹਰਲੇ ਰਾਜ ਦੇ ਵਿਕਰੇਤਾ ਤੋਂ ਟੈਕਸ-ਰਹਿਤ ਸਿਗਰਟਾਂ ਜਾਂ ਤੰਬਾਕੂ ਉਤਪਾਦ ਖਰੀਦਣ ਤੋਂ ਪਹਿਲਾਂ, ਜਿਸ ਕੋਲ ਲਾਇਸੰਸਿੰਗ ਐਕਟ ਦੇ ਤਹਿਤ ਜਾਰੀ ਕੀਤਾ ਲਾਇਸੰਸ ਨਹੀਂ ਹੈ, ਇੱਕ ਡਿਸਟ੍ਰੀਬਿਊਟਰ ਦਾ ਲਾਇਸੰਸ ਪ੍ਰਾਪਤ ਕਰਨਾ ਲਾਜ਼ਮੀ ਹੈ। ਕੋਈ ਵੀ ਪ੍ਰਚੂਨ ਵਿਕਰੇਤਾ ਕਿਸੇ ਹੋਰ ਪ੍ਰਚੂਨ ਵਿਕਰੇਤਾ ਨੂੰ ਸਿਗਰਟਾਂ ਜਾਂ ਤੰਬਾਕੂ ਉਤਪਾਦ ਨਹੀਂ ਵੇਚ ਸਕਦਾ। ਕਿਸੇ ਹੋਰ ਪ੍ਰਚੂਨ ਵਿਕਰੇਤਾ ਨੂੰ ਵਿਕਰੀ ਕਰਨ ਲਈ ਡਿਸਟ੍ਰੀਬਿਊਟਰ ਜਾਂ ਥੋਕ ਵਿਕਰੇਤਾ ਦਾ ਲਾਇਸੰਸ ਹੋਣਾ ਜ਼ਰੂਰੀ ਹੈ।

ਲਾਇਸੰਸ ਦੀ ਫੀਸ ਇੱਥੇ ਦੇਖੀ ਜਾ ਸਕਦੀ ਹੈ *www.cdtfa.ca.gov/taxes-and-fees/special-taxes-and-fees-tax-rates/#cigarettelic*.

ਸਿਗਰਟਾਂ ਅਤੇ ਤੰਬਾਕੂ ਉਤਪਾਦ, ਸਿਗਰਟ ਅਤੇ ਤੰਬਾਕੂ ਉਤਪਾਦ ਟੈਕਸ ਕਾਨੂੰਨ[6] ਦੁਆਰਾ ਲਗਾਏ ਗਏ ਐਕਸਾਈਜ਼ ਟੈਕਸਾਂ ਦੇ ਅਧੀਨ ਹਨ, ਜਦੋਂ ਉਹ ਇਸ ਰਾਜ ਵਿੱਚ ਸਪਲਾਈ ਕੀਤੇ ਜਾਂਦੇ ਹਨ। ਐਕਸਾਈਜ਼ ਟੈਕਸਾਂ ਬਾਰੇ ਵਧੇਰੇ ਜਾਣਕਾਰੀ ਲਈ, publication 93, *Cigarette and Tobacco Products Taxes (ਪੰਜਾਬੀ ਵਿੱਚ ਉਪਲਬਧ ਹੈ, ਪ੍ਰਕਾਸ਼ਨ 93, ਸਿਗਰਟ ਅਤੇ ਤੰਬਾਕੂ ਉਤਪਾਦ ਟੈਕਸ)*, ਵੇਖੋ, ਜੋ ਕਿ *www.cdtfa.ca.gov/formspubs/all-forms-and-publications.htm* 'ਤੇ ਉਪਲਬਧ ਹੈ।

## ਕੈਲੀਫੋਰਨੀਆ ਇਲੈਕਟ੍ਰਾਨਿਕ ਸਿਗਰਟ ਐਕਸਾਈਜ਼ ਟੈਕਸ

ਈ-ਸਿਗਰਟਾਂ ਦੇ ਪ੍ਰਚੂਨ ਵਿਕਰੇਤਾਵਾਂ ਨੂੰ ਕੈਲੀਫੋਰਨੀਆ ਇਲੈਕਟ੍ਰਾਨਿਕ ਸਿਗਰਟ ਐਕਸਾਈਜ਼ ਟੈਕਸ (CECET)[7], ਖਰੀਦਦਾਰ (ਕੈਲੀਫੋਰਨੀਆ ਦੇ ਖਪਤਕਾਰ) ਤੋਂ ਵਿਕਰੀ ਦੇ ਸਮੇਂ, ਨਿਕੋਟੀਨ ਵਾਲੀਆਂ ਜਾਂ ਨਿਕੋਟੀਨ ਨਾਲ ਵੇਚੀਆਂ ਗਈਆਂ ਈ-ਸਿਗਰਟਾਂ ਦੀ ਪ੍ਰਚੂਨ ਵਿਕਰੀ ਕੀਮਤ ਦੇ 12.5 ਪ੍ਰਤੀਸ਼ਤ (12.50%) ਦੀ ਦਰ ਨਾਲ ਇਕੱਠਾ ਕਰਨਾ ਜ਼ਰੂਰੀ ਹੈ। CECET ਦੀ ਵਸੂਲੀ, ਵਿਕਰੀ ਅਤੇ ਵਰਤੋਂ ਟੈਕਸ ਤੋਂ ਇਲਾਵਾ ਹੈ।

ਜਿਹੜਾ ਪ੍ਰਚੂਨ ਵਿਕਰੇਤਾ ਨਿਕੋਟੀਨ ਵਾਲੀਆਂ ਜਾਂ ਨਿਕੋਟੀਨ ਨਾਲ ਵੇਚੀਆਂ ਗਈਆਂ ਈ-ਸਿਗਰਟਾਂ ਵੇਚਦਾ ਹੈ, ਉਸਨੂੰ ਲਾਜ਼ਮੀ ਤੌਰ 'ਤੇ:

- CECET ਪਰਮਿਟ (ਖਾਤੇ) ਲਈ ਰਜਿਸਟਰ ਹੋਣਾ,
- ਕਿਸੇ ਵੀ ਚਿੰਨ੍ਹ ਜਾਂ ਡਿਸਪਲੇਅ 'ਤੇ ਕੀਮਤ ਦੀ ਮਾਰਕੀਟਿੰਗ ਵਿੱਚ CECET ਦੀ ਰਕਮ ਸ਼ਾਮਲ ਕਰਨਾ,
- ਖਰੀਦਦਾਰ ਤੋਂ ਵਿਕਰੀ ਦੇ ਸਮੇਂ, ਨਿਕੋਟੀਨ ਵਾਲੀਆਂ ਜਾਂ ਨਿਕੋਟੀਨ ਨਾਲ ਵੇਚੀਆਂ ਗਈਆਂ ਈ-ਸਿਗਰਟਾਂ ਦੀ ਪਰਚੂਨ ਵਿਕਰੀ ਕੀਮਤ ਦੇ 12.5 ਪਰਤੀਸ਼ਤ (12.50%) ਦੀ ਦਰ ਨਾਲ CECET ਇਕੱਠਾ ਕਰਨਾ,
- ਖਰੀਦਦਾਰ ਨੂੰ ਇੱਕ ਰਸੀਦ ਜਾਂ ਹੋਰ ਦਸਤਾਵੇਜ਼ ਪਰਦਾਨ ਕਰਨਾ ਜਿਸ ਵਿੱਚ ਹਰੇਕ ਈ-ਸਿਗਰਟ ਦੀ ਪਰਚੂਨ ਵਿਕਰੀ 'ਤੇ CECET ਅਤੇ ਉਹਨਾਂ ਦੁਆਰਾ ਅਦਾ ਕੀਤੀ ਗਈ ਰਕਮ ਵੱਖਰੇ ਤੌਰ 'ਤੇ ਦਰਜ ਹੋਵੇ,

---

[5] **B&PC ਦੀ** ਡਿਵੀਜ਼ਨ 8.6 (ਧਾਰਾ 22970 ਨਾਲ ਸ਼ੁਰੂ ਹੋਣ ਵਾਲੀ)।
[6] **R&TC ਦੀ ਡਿਵਿਜ਼ਨ 2 ਦਾ** ਭਾਗ 13 (ਧਾਰਾ 30001 ਨਾਲ ਸ਼ੁਰੂ ਹੋਣ ਵਾਲੀ)।
[7] **R&TC ਦੀ ਡਿਵਿਜ਼ਨ 2 ਦਾ** ਭਾਗ 13.6 (ਧਾਰਾ 31000ਨਾਲ ਸ਼ੁਰੂ ਹੋਣ ਵਾਲੀ)।

- CECET ਰਿਟਰਨ ਇਲੈਕਟਰਾਨਿਕ ਤਰੀਕੇ ਨਾਲ ਦਾਖਲ ਕਰਨਾ, ਅਤੇ
- ਐਕਸਾਈਜ਼ ਟੈਕਸ ਦਾ ਭੁਗਤਾਨ ਸਾਨੂੰ ਕਰਨਾ।

ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਾਡੀ *ਕੈਲੀਫੋਰਨੀਆ ਇਲੈਕਟ੍ਰਾਨਿਕ ਸਿਗਰਟ ਐਕਸਾਈਜ਼ ਟੈਕਸ ਲਈ ਟੈਕਸ ਗਾਈਡ* 'ਤੇ ਵੇਖੋ: *www.cdtfa.ca.gov/taxes-and-fees/california-electronic-cigarette-excise-tax/*।

## ਕੀ ਇੱਕ ਚੱਲਦਾ-ਫਿਰਦਾ ਵਿਕਰੇਤਾ (ਘੁਮੰਤਰ ਵਿਕਰੇਤਾ) ਸਿਗਰੇਟਾਂ ਅਤੇ ਹੋਰ ਤੰਬਾਕੂ ਉਤਪਾਦਾਂ ਦੀ ਵਿਕਰੀ ਲਈ ਪ੍ਰਚੂਨ ਲਾਇਸੰਸ ਪ੍ਰਾਪਤ ਕਰ ਸਕਦਾ ਹੈ?

ਨਹੀਂ। "ਚੱਲਣਸ਼ੀਲ ਟਿਕਾਣਾ" ਪ੍ਰਚੂਨ ਵਿਕਰੀ ਦੇ ਟਿਕਾਣੇ ਵਾਸਤੇ ਵਿਧਾਨਕ ਪਰਿਭਾਸ਼ਾ ਦੀ ਪੂਰਤੀ ਨਹੀਂ ਕਰਦਾ। ਜੇ ਤੁਸੀਂ ਕਿਸੇ ਕੇਟਰਿੰਗ ਟਰੱਕ, ਲੰਚ ਵੈਗਨ, ਜਾਂ ਹੋਰ ਚੱਲਣਸ਼ੀਲ ਸਾਧਨ ਤੋਂ ਆਪਣਾ ਕਾਰੋਬਾਰ ਚਲਾਉਂਦੇ ਹੋ, ਤਾਂ ਤੁਸੀਂ 'ਕੈਲੀਫੋਰਨੀਆ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੇ ਪ੍ਰਚੂਨ ਵਿਕਰੇਤਾ ਦਾ ਲਾਇਸੰਸ' ਵਾਸਤੇ ਯੋਗਤਾ ਪੂਰੀ ਨਹੀਂ ਕਰਦੇ ਅਤੇ, ਇਸ ਲਈ, ਤੁਸੀਂ ਕੈਲੀਫੋਰਨੀਆ ਵਿੱਚ ਆਪਣੇ ਟਰੱਕ, ਵੈਗਨ, ਜਾਂ ਹੋਰ ਚੱਲਣਸ਼ੀਲ ਸਾਧਨ ਤੋਂ ਸਿਗਰਟਾਂ ਜਾਂ ਤੰਬਾਕੂ ਉਤਪਾਦ ਨਹੀਂ ਵੇਚ ਸਕਦੇ।

## ਮੈਂ ਆਪਣੇ ਲਾਇਸੰਸ ਵਾਸਤੇ ਅਰਜ਼ੀ ਕਿਵੇਂ ਦੇਵਾਂ ਅਤੇ ਇਸ ਨੂੰ ਕਿਵੇਂ ਨਵਿਆਵਾਂ?

ਤੁਸੀਂ ਸਾਡੀਆਂ ਔਨਲਾਈਨ ਸੇਵਾਵਾਂ ਦੀ ਵਰਤੋਂ ਕਰਕੇ ਆਪਣੀ ਲਾਇਸੰਸ ਲਈ ਅਰਜ਼ੀ ਦੇ ਸਕਦੇ ਹੋ ਅਤੇ ਇਸਨੂੰ ਨਵਿਆ ਸਕਦੇ ਹੋ, ਜੋ *onlineservices.cdtfa.ca.gov/__/* 'ਤੇ ਉਪਲਬਧ ਹਨ। ਜੇਕਰ ਤੁਹਾਡੇ ਕੋਈ ਸਵਾਲ ਹਨ ਜਾਂ ਤੁਸੀਂ ਆਪਣਾ ਲਾਇਸੰਸ ਔਨਲਾਈਨ ਅਪਲਾਈ ਕਰਨ ਜਾਂ ਨਵਿਆਉਣ ਬਾਰੇ ਹੋਰ ਜਾਣਕਾਰੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਡੇ ਗਾਹਕ ਸੇਵਾ ਕੇਂਦਰ ਨਾਲ, ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 7:30 ਤੋਂ ਸ਼ਾਮ 5:00 ਵਜੇ ਤੱਕ, ਪੈਸੀਫਿਕ ਟਾਈਮ, ਰਾਜ ਦੀਆਂ ਛੁੱਟੀਆਂ ਨੂੰ ਛੱਡ ਕੇ, 1-800-400-7115 (TTY: 711) 'ਤੇ ਸੰਪਰਕ ਕਰੋ।

## ਮੇਰੇ ਲਾਇਸੰਸ ਦੀ ਮਿਆਦ ਕਦੋਂ ਸਮਾਪਤ ਹੁੰਦੀ ਹੈ?

ਇੱਕ ਪ੍ਰਚੂਨ ਵਿਕਰੇਤਾ ਦਾ ਲਾਇਸੰਸ ਜਾਰੀ ਹੋਣ ਦੀ ਮਿਤੀ ਤੋਂ 12 ਮਹੀਨਿਆਂ ਦੀ ਮਿਆਦ ਲਈ ਵੈਧ ਹੁੰਦਾ ਹੈ, ਇਹ ਤਬਦੀਲਯੋਗ ਨਹੀਂ ਹੈ, ਇਸਦਾ ਅਨੁਪਾਤਕੀਕਰਨ ਨਹੀਂ ਕੀਤਾ ਜਾ ਸਕਦਾ, ਅਤੇ ਇਸਨੂੰ ਸਾਲਾਨਾ ਨਵਿਆਉਣਾ ਲਾਜ਼ਮੀ ਹੈ। ਜੇਕਰ ਤੁਸੀਂ ਕੋਈ ਹੋਰ ਪ੍ਰਚੂਨ ਟਿਕਾਣਾ ਸ਼ਾਮਲ ਕਰਦੇ ਹੋ, ਤਾਂ ਉਸ ਟਿਕਾਣੇ ਲਈ ਤੁਹਾਡਾ ਲਾਇਸੰਸ ਉਸ ਮਹੀਨੇ ਤੋਂ ਸ਼ੁਰੂ ਹੋਣ ਵਾਲੀ 12 ਮਹੀਨਿਆਂ ਦੀ ਮਿਆਦ ਦੇ ਆਧਾਰ 'ਤੇ ਨਵਿਆਇਆ ਜਾਵੇਗਾ, ਜਿਸ ਮਹੀਨੇ ਤੁਹਾਡੇ ਪਹਿਲੇ ਪ੍ਰਚੂਨ ਸਥਾਨ ਲਈ ਲਾਇਸੰਸ ਪ੍ਰਾਪਤ ਕੀਤਾ ਗਿਆ ਸੀ। ਤੁਹਾਡੇ ਲਾਇਸੰਸ ਦੀ ਮਿਆਦ ਖਤਮ ਹੋਣ ਤੋਂ ਪਹਿਲਾਂ, ਅਸੀਂ ਤੁਹਾਨੂੰ ਈਮੇਲ ਅਤੇ ਕਾਗਜ਼ੀ ਨਵੀਨੀਕਰਨ ਯਾਦਦਹਾਨੀ ਸੂਚਨਾ ਭੇਜਾਂਗੇ। ਆਪਣਾ ਸਿਗਰਟ ਅਤੇ ਤੰਬਾਕੂ ਉਤਪਾਦ ਪ੍ਰਚੂਨ ਲਾਇਸੰਸ ਬਰਕਰਾਰ ਰੱਖਣ ਲਈ ਤੁਹਾਨੂੰ ਸਾਡੇ ਨਾਲ ਔਨਲਾਈਨ ਨਵਿਆਉਣ ਦੀ ਅਰਜ਼ੀ ਪੂਰੀ ਕਰਕੇ ਜਮ੍ਹਾਂ ਕਰਾਉਣੀ ਲਾਜ਼ਮੀ ਹੈ। ਤੁਹਾਡੀ ਨਵਿਆਉਣ ਦੀ ਅਰਜ਼ੀ ਦੇ ਨਾਲ ਨਵਿਆਉਣ ਦੀ ਫੀਸ ਦਾ ਭੁਗਤਾਨ ਕਰਨਾ ਲਾਜ਼ਮੀ ਹੈ। ਜੇਕਰ ਤੁਸੀਂ ਸਮੇਂ ਸਿਰ ਆਪਣਾ ਲਾਇਸੰਸ ਨਵਿਆਉਂਦੇ ਨਹੀਂ ਹੋ ਅਤੇ ਨਵਿਆਉਣ ਦੀ ਫੀਸ ਦਾ ਭੁਗਤਾਨ ਨਹੀਂ ਕਰਦੇ, ਤਾਂ ਤੁਹਾਡਾ ਲਾਇਸੰਸ ਖਤਮ ਹੋ ਜਾਵੇਗਾ। ਤੁਸੀਂ ਵੈਧ ਸਿਗਰਟ ਅਤੇ ਤੰਬਾਕੂ ਉਤਪਾਦ ਪ੍ਰਚੂਨ ਲਾਇਸੰਸ ਤੋਂ ਬਿਨਾਂ ਸਿਗਰਟਾਂ ਜਾਂ ਤੰਬਾਕੂ ਉਤਪਾਦ ਨਹੀਂ ਵੇਚ ਸਕਦੇ ਹੋ।

## ਮੈਂ ਆਪਣੇ ਲਾਇਸੰਸ ਜਾਂ ਨਵਿਆਉਣ ਦੀਆਂ ਫੀਸਾਂ ਦਾ ਭੁਗਤਾਨ ਕਿਵੇਂ ਕਰਾਂ?

ਤੁਸੀਂ ਆਪਣਾ ਭੁਗਤਾਨ ਸਿੱਧੇ ਆਪਣੇ ਬੈਂਕ ਖਾਤੇ ਤੋਂ ਜਾਂ ਕ੍ਰੈਡਿਟ ਕਾਰਡ ਰਾਹੀਂ ਔਨਲਾਈਨ ਕਰ ਸਕਦੇ ਹੋ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ 'ਤੇ ਦੇਖੋ *www.cdtfa.ca.gov/services/make-a-payment.htm*

## ਮੇਰੇ ਕੋਲ ਵਿਕਰੇਤਾ ਦਾ ਪਰਮਿਟ ਹੈ। ਕੀ ਮੈਨੂੰ ਅਜੇ ਵੀ ਇਸ ਪ੍ਰਚੂਨ-ਵਿਕਰੇਤਾ ਲਾਇਸੰਸ ਨੂੰ ਲੈਣ ਦੀ ਲੋੜ ਹੈ?

ਹਾਂ। ਸਿਗਰਟ ਅਤੇ ਤੰਬਾਕੂ ਉਤਪਾਦਾਂ ਵਾਸਤੇ ਲਾਇਸੰਸਿੰਗ ਦੀ ਲੋੜ, ਸਾਡੇ ਦੁਆਰਾ ਜਾਰੀ ਕੀਤੇ ਗਏ ਹੋਰ ਪਰਮਿਟਾਂ ਅਤੇ ਲਾਇਸੰਸਾਂ ਤੋਂ ਇਲਾਵਾ ਹੈ। ਸਿਗਰਟ ਅਤੇ ਤੰਬਾਕੂ ਉਤਪਾਦ ਪ੍ਰਚੂਨ ਲਾਇਸੰਸ ਪ੍ਰਾਪਤ ਕਰਨ ਅਤੇ ਹਰ ਸਾਲ ਇਸਨੂੰ ਨਵਿਆਉਣ ਲਈ ਤੁਹਾਨੂੰ ਇੱਕ ਵੈਧ ਕੈਲੀਫੋਰਨੀਆ ਵਿਕਰੇਤਾ ਪਰਮਿਟ ਲਈ ਅਰਜ਼ੀ ਦੇਣੀ ਅਤੇ ਉਸਨੂੰ ਬਰਕਰਾਰ ਰੱਖਣਾ ਲਾਜ਼ਮੀ ਹੈ।

ਰਾਜ ਲਾਇਸੰਸ, ਲਾਇਸੰਸਿੰਗ ਐਕਟ ਦੁਆਰਾ ਲੋੜੀਂਦਾ ਹੈ। ਇਹ ਕਾਨੂੰਨ ਕਿਸੇ ਵੀ ਸਥਾਨਕ ਸਿਗਰਟ ਅਤੇ ਤੰਬਾਕੂ ਉਤਪਾਦ ਪ੍ਰਚੂਨ ਲਾਇਸੰਸ ਦੀ ਥਾਂ ਨਹੀਂ ਲੈਂਦਾ ਜੋ ਤੁਹਾਨੂੰ ਪ੍ਰਾਪਤ ਕਰਨਾ ਜ਼ਰੂਰੀ ਹੋ ਸਕਦਾ ਹੈ। ਇਸ ਤੋਂ ਇਲਾਵਾ, ਕੁਝ ਸਥਾਨਕੀ ਅਧਿਕਾਰ-ਖੇਤਰਾਂ ਦੀਆਂ ਅਜਿਹੀਆਂ ਨੀਤੀਆਂ ਹਨ ਜੋ ਕਿਸੇ ਭੂਗੋਲਿਕ ਖੇਤਰ ਦੇ ਅੰਦਰ ਤੰਬਾਕੂ ਦੇ ਪ੍ਰਚੂਨ-ਵਿਕਰੇਤਾਵਾਂ ਦੀ ਸੰਖਿਆ ਨੂੰ ਸੀਮਾਬੱਧ ਕਰਦੀਆਂ ਹਨ ਜਾਂ ਇਹਨਾਂ ਦੀ ਘਣਤਾ ਨੂੰ ਸੀਮਤ ਕਰਦੀਆਂ ਹਨ। ਸਿਗਰਟ ਅਤੇ ਤੰਬਾਕੂ ਉਤਪਾਦ ਪ੍ਰਚੂਨ ਲਾਇਸੰਸ ਲਈ ਅਰਜ਼ੀ ਦੇਣ ਜਾਂ ਇਸਨੂੰ ਨਵਿਆਉਣ ਤੋਂ ਪਹਿਲਾਂ, ਅਸੀਂ ਤੁਹਾਨੂੰ ਸਲਾਹ ਦਿੰਦੇ ਹਾਂ ਕਿ ਤੁਸੀਂ ਆਪਣੇ ਸਥਾਨਕ ਸਿਹਤ ਵਿਭਾਗ ਨਾਲ ਕਿਸੇ ਵੀ ਸਥਾਨਕ ਤੰਬਾਕੂ ਲਾਇਸੰਸਿੰਗ ਸ਼ਰਤਾਂ ਬਾਰੇ ਪਤਾ ਕਰ ਲਓ, ਜੋ ਸਾਡੀਆਂ ਲੋੜਾਂ ਨਾਲੋਂ ਵਧੇਰੇ ਸਖ਼ਤ ਹੋ ਸਕਦੀਆਂ ਹਨ।

## ਪ੍ਰਚੂਨ ਵਿਕਰੇਤਾਵਾਂ ਦੀਆਂ ਜ਼ਿੰਮੇਵਾਰੀਆਂ

- ਇੱਕ ਵੈਧ ਵਿਕਰੇਤਾ ਪਰਮਿਟ ਅਤੇ ਸਿਗਰਟ ਅਤੇ ਤੰਬਾਕੂ ਉਤਪਾਦ ਪਰਚੂਨ ਲਾਇਸੰਸ ਬਰਕਰਾਰ ਰੱਖਣਾ।
- ਨਵਿਆਉਣ ਦੀ ਫੀਸ ਦਾ ਭੁਗਤਾਨ ਕਰਨਾ ਅਤੇ ਆਪਣੀ ਨਵਿਆਉਣ ਦੀ ਅਰਜ਼ੀ ਸਮੇਂ ਸਿਰ ਪੂਰੀ ਕਰਨਾ।
- ਆਪਣਾ ਲਾਇਸੰਸ ਹਰੇਕ ਪਰ੍ਚੂਨ ਸਥਾਨ 'ਤੇ ਇਸ ਤਰਹ੍ਹਾਂ ਪਰ੍ਦਰਸ਼ਿਤ ਕਰੋ ਕਿ ਇਹ ਜਨਤਾ ਨੂੰ ਸਪੱਸ਼ਟ ਤੌਰ 'ਤੇ ਦਿਖਾਈ ਦੇਵੇ।
- ਸਿਰਫ਼ ਕੈਲੀਫੋਰਨੀਆ ਟੈਕਸ ਸਟੈਂਪ ਵਾਲੀਆਂ ਸਿਗਰਟਾਂ ਅਤੇ ਟੈਕਸ-ਭੁਗਤਾਨ ਕੀਤੇ ਤੰਬਾਕੂ ਉਤਪਾਦ ਹੀ ਖਰੀਦੋ।
- ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਵਾਸਤੇ ਖਰੀਦ ਦੇ ਇਨਵੌਇਸਾਂ ਨੂੰ ਚਾਰ ਸਾਲਾਂ ਵਾਸਤੇ ਰੱਖੋ।
  - ਹਰੇਕ ਲਾਇਸੰਸਸ਼ੁਦਾ ਸਥਾਨ 'ਤੇ ਖਰੀਦ ਦੀ ਮਿਤੀ ਤੋਂ ਘੱਟੋ-ਘੱਟ ਇੱਕ ਸਾਲ ਤੱਕ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀਆਂ ਖਰੀਦ ਦੀਆਂ ਪੂਰੀਆਂ ਅਤੇ ਪੜਹ੍ਨਯੋਗ ਇਨਵੌਇਸਾਂ ਨੂੰ ਸੰਭਾਲ ਕੇ ਰੱਖੋ। ਇਨਵੌਇਸ ਉਸੇ ਟਿਕਾਣੇ ਉੱਤੇ ਵਸਤੂ-ਸੂਚੀ (inventory) ਵਜੋਂ ਲਾਜ਼ਮੀ ਤੌਰ 'ਤੇ ਰੱਖੇ ਜਾਣੇ ਚਾਹੀਦੇ ਹਨ।
- ਬੇਨਤੀ ਕਰਨ 'ਤੇ ਸਾਡੇ ਪਰ੍ਤੀਨਿਧੀਆਂ ਜਾਂ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਤੁਹਾਡੀਆਂ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀਆਂ ਖਰੀਦ ਇਨਵੌਇਸਾਂ ਦੀ ਸਮੀਖਿਆ ਕਰਨ ਦੀ ਇਜਾਜ਼ਤ ਦਿਓ।
- ਸਿਰਫ਼ ਕੈਲੀਫੋਰਨੀਆ ਵਿੱਚ ਵਿਕਰੀ ਲਈ ਅਧਿਕਾਰਤ ਸਿਗਰਟਾਂ ਅਤੇ ਰੋਲ-ਯੁਅਰ-ਓਨ ਤੰਬਾਕੂ (RYO) ਹੀ ਖਰੀਦੋ ਅਤੇ ਵੇਚੋ, ਜੋ ਕਿ ਅਟਾਰਨੀ ਜਨਰਲ ਦੇ ਦਫ਼ਤਰ ਦੀ ਕੈਲੀਫੋਰਨੀਆ ਤੰਬਾਕੂ ਡਾਇਰੈਕਟਰੀ (ਡਾਇਰੈਕਟਰੀ) ਵਿੱਚ *oag.ca.gov/tobacco/directory* 'ਤੇ ਸੂਚੀਬੱਧ ਹਨ।
- ਸਿਰਫ਼ ਕੈਲੀਫੋਰਨੀਆ ਦੇ ਅਟਾਰਨੀ ਜਨਰਲ ਦੀ ਬਿਨਾਂ ਫਲੇਵਰ ਵਾਲੇ ਤੰਬਾਕੂ ਉਤਪਾਦਾਂ ਦੀ ਸੂਚੀ (UTL) ਵਿੱਚ ਦਰਜ ਬਿਨਾਂ ਫਲੇਵਰ ਵਾਲੇ ਤੰਬਾਕੂ ਉਤਪਾਦ ਹੀ ਖਰੀਦੋ ਅਤੇ ਵੇਚੋ।
- ਫਲੇਵਰ ਵਾਲੀਆਂ ਸਿਗਰਟਾਂ, ਫਲੇਵਰ ਵਾਲੇ ਤੰਬਾਕੂ ਉਤਪਾਦ, ਜਾਂ ਤੰਬਾਕੂ ਉਤਪਾਦਾਂ ਦੇ ਫਲੇਵਰ ਵਧਾਉਣ ਵਾਲੇ ਪਦਾਰਥਾਂ ਨੂੰ ਨਾ ਖਰੀਦੋ, ਨਾ ਰੱਖੋ, ਨਾ ਸਟੋਰ ਕਰੋ, ਨਾ ਖਰੀਦੋ, ਜਾਂ ਨਾ ਵੇਚੋ।
- ਸਿਗਰਟਾਂ ਅਤੇ ਤੰਬਾਕੂ ਉਤਪਾਦ ਵੇਚਣ ਲਈ ਲਾਇਸੰਸ ਪਰ੍ਾਪਤ ਕਿਸੇ ਵੀ ਸਥਾਨ 'ਤੇ ਕੈਨਾਬਿਸ ਜਾਂ ਕੈਨਾਬਿਸ ਉਤਪਾਦ ਨਾ ਵੇਚੋ।

ਆਪਣੀਆਂ ਜ਼ਿੰਮੇਵਾਰੀਆਂ ਬਾਰੇ ਹੋਰ ਵੇਰਵਿਆਂ ਲਈ, ਅਸੀਂ ਸਿਗਰਟਾਂ ਅਤੇ ਤੰਬਾਕੂ ਉਤਪਾਦ ਵੇਚਣ ਵਾਲੇ ਪ੍ਰਚੂਨ ਵਿਕਰੇਤਾਵਾਂ ਲਈ ਸਿੱਖਿਅਕ-ਅਗਵਾਈ ਵਾਲੇ ਸੈਮੀਨਾਰ ਪੇਸ਼ ਕਰਦੇ ਹਾਂ।

**ਵੇਚ-ਵੱਟ ਕੇ ਖ਼ਤਮ ਕਰਨ ਦੀ ਮਿਆਦ (Sell-off Period)** ਜਦ ਕੈਲੀਫੋਰਨੀਆ ਦਾ ਅਟਾਰਨੀ ਜਨਰਲ ਕਿਸੇ ਤੰਬਾਕੂ ਨਿਰਮਾਤਾ ਜਾਂ ਬ੍ਰਾਂਡ ਪਰਿਵਾਰ ਨੂੰ ਡਾਇਰੈਕਟਰੀ ਤੋਂ ਹਟਾਉਣ ਦੀ ਸਿਫਾਰਸ਼ ਕਰਦਾ ਹੈ ਤਾਂ ਕਿਸੇ ਡਿਸਟ੍ਰੀਬਿਊਟਰ ਜਾਂ ਥੋਕ-ਵਿਕਰੇਤਾ ਕੋਲੋਂ ਲੋੜਿਆ ਜਾਂਦਾ ਹੈ ਕਿ ਉਹ ਆਪਣੇ ਲਾਇਸੰਸਸ਼ੁਦਾ ਪ੍ਰਚੂਨ-ਵਿਕਰੇਤਾਵਾਂ ਨੂੰ ਸੂਚਿਤ ਕਰੇ।

ਕਿਸੇ ਲਾਇਸੰਸਸ਼ੁਦਾ ਪ੍ਰਚੂਨ-ਵਿਕਰੇਤਾ ਨੂੰ ਕਿਸੇ ਨਿਰਮਾਤਾ ਜਾਂ ਬ੍ਰਾਂਡ ਪਰਿਵਾਰ ਦੇ ਡਾਇਰੈਕਟਰੀ ਤੋਂ ਹਟਾਏ ਜਾਣ ਦੀ ਪ੍ਰਭਾਵੀ ਮਿਤੀ ਤੋਂ ਲੈਕੇ 60 ਦਿਨਾਂ ਤੱਕ ਡਾਇਰੈਕਟਰੀ ਤੋਂ ਹਟਾਈਆਂ ਗਈਆਂ ਟੈਕਸ-ਮੋਹਰ ਲੱਗੀਆਂ ਸਿਗਰਟਾਂ ਜਾਂ ਟੈਕਸ ਅਦਾ ਕੀਤੇ RYO ਨੂੰ ਰੱਖਣ, ਇਸ ਦੀ ਢੋਆ-ਢੁਆਈ ਕਰਨ ਅਤੇ ਵੇਚਣ ਦੀ ਇਜਾਜ਼ਤ ਹੁੰਦੀ ਹੈ। 60 ਦਿਨਾਂ ਦੀ ਵਿਕਰੀ ਮਿਆਦ ਤੋਂ ਬਾਅਦ, ਸਿਗਰਟਾਂ ਅਤੇ RYO ਤੰਬਾਕੂ ਜ਼ਬਤ ਕਰਨ ਅਤੇ ਨਸ਼ਟ ਕਰਨ ਦੇ ਅਧੀਨ ਹਨ।

**ਖ਼ਰੀਦ ਦੇ ਇਨਵੌਇਸ ਦੀਆਂ ਲੋੜਾਂ।** ਡਿਸਟ੍ਰੀਬਿਊਟਰਾਂ ਜਾਂ ਥੋਕ ਵਿਕਰੇਤਾਵਾਂ ਤੋਂ ਤੁਹਾਨੂੰ ਪ੍ਰਾਪਤ ਹੋਣ ਵਾਲੀਆਂ ਇਨਵੌਇਸਾਂ ਪੜ੍ਹਨਯੋਗ ਹੋਣੀਆਂ ਚਾਹੀਦੀਆਂ ਹਨ ਅਤੇ ਉਹਨਾਂ ਵਿੱਚ ਹੇਠ ਲਿਖੀ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ:

- ਜਿਸ ਡਿਸਟਰ੍ੀਬਿਊਟਰ ਜਾਂ ਥੋਕ-ਵਿਕਰੇਤਾ ਕੋਲੋਂ ਤੁਸੀਂ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਨੂੰ ਖ਼ਰੀਦਿਆ ਸੀ ਉਸਦਾ ਨਾਮ, ਪਤਾ, ਟੈਲੀਫ਼ੋਨ ਨੰਬਰ, ਅਤੇ ਲਾਇਸੰਸ ਨੰਬਰ।
- ਇਨਵੌਇਸ ਵਿੱਚ ਦਰਜ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ 'ਤੇ ਡਿਸਟਰ੍ੀਬਿਊਟਰ ਦੁਆਰਾ ਸਾਨੂੰ ਅਦਾ ਕੀਤੇ ਜਾਣ ਵਾਲੇ ਕੈਲੀਫੋਰਨੀਆ ਸਿਗਰਟ ਅਤੇ ਤੰਬਾਕੂ ਉਤਪਾਦ ਟੈਕਸਾਂ ਦੀ ਰਕਮ।

*ਕਿਰਪਾ ਕਰਕੇ ਧਿਆਨ ਦਿਓ*: ਇੱਕ ਲਾਇਸੰਸਸ਼ੁਦਾ ਡਿਸਟ੍ਰੀਬਿਊਟਰ ਜੋ ਇੱਕ ਲਾਇਸੰਸਸ਼ੁਦਾ ਪ੍ਰਚੂਨ ਵਿਕਰੇਤਾ ਜਾਂ ਨਿਰਮਾਤਾ ਵੀ ਹੈ, ਉਹ ਸਾਨੂੰ ਅਦਾ ਕੀਤੇ ਜਾਣ ਵਾਲੇ ਸਿਗਰਟ ਅਤੇ ਤੰਬਾਕੂ ਉਤਪਾਦ ਟੈਕਸਾਂ ਦੀ ਰਕਮ ਪ੍ਰਦਾਨ ਕਰਨ ਦੀ ਬਜਾਏ ਹੇਠ ਲਿਖਿਆ ਬਿਆਨ ਸ਼ਾਮਲ ਕਰ ਸਕਦਾ ਹੈ: "ਸਾਰੇ ਕੈਲੀਫੋਰਨੀਆ ਸਿਗਰਟ ਅਤੇ ਤੰਬਾਕੂ ਉਤਪਾਦ ਟੈਕਸ ਇਸ ਇਨਵੌਇਸ ਦੀ ਕੁੱਲ ਰਕਮ ਵਿੱਚ ਸ਼ਾਮਲ ਹਨ।"

- ਖਰੀਦੀਆਂ ਗਈਆਂ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਦੀ ਵਸਤੂ-ਵਾਰ ਸੂਚੀ:
  - ਖਰੀਦੀਆਂ ਗਈਆਂ ਸਿਗਰਟਾਂ ਵਿੱਚ ਬਰ੍ਹਾਂਡ ਅਤੇ ਸਟਾਈਲ ਦੇ ਨਾਮ, ਫਲੇਵਰ, ਫਿਲਟਰ, ਲਾਗੂ ਹੋਣ 'ਤੇ ਪੈਕੇਜਿੰਗ, ਵੇਚੇ ਗਏ ਕਾਰਟਨ ਜਾਂ ਪੈਕਟਾਂ ਦੀ ਗਿਣਤੀ, ਅਤੇ ਵਿਕਰੀ ਕੀਮਤ ਸ਼ਾਮਲ ਹੋਣੀ ਚਾਹੀਦੀ ਹੈ।
  - ਖਰੀਦੇ ਗਏ ਤੰਬਾਕੂ ਉਤਪਾਦਾਂ ਵਿੱਚ ਬਰ੍ਹਾਂਡ, ਕਿਸਮ (ਜਿਵੇਂ ਕਿ ਪਾਈਪ, ਸਿਗਾਰ, ਜਾਂ RYO ਤੰਬਾਕੂ), ਫਲੇਵਰ, ਪੈਕੇਜਿੰਗ (ਜਿਵੇਂ ਕਿ ਪਾਊਚ, ਟਿਨ, ਜਾਂ ਬਕਸੇ), ਵੇਚੀ ਗਈ ਮਾਤਰਾ, ਅਤੇ ਵਿਕਰੀ ਕੀਮਤ ਸ਼ਾਮਲ ਹੋਣੀ ਚਾਹੀਦੀ ਹੈ।
- ਤੁਹਾਡਾ ਨਾਮ, ਲਾਇਸੰਸਸ਼ੁਦਾ ਸਥਾਨ ਦਾ ਪਤਾ, ਅਤੇ ਸਿਗਰਟ ਅਤੇ ਤੰਬਾਕੂ ਉਤਪਾਦ ਪਰਚੂਨ ਲਾਇਸੰਸ ਨੰਬਰ।
- ਤੁਹਾਡੇ ਵੱਲੋਂ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਨੂੰ ਖ਼ਰੀਦਣ ਦੀ ਤਾਰੀਖ਼।

**ਸਟੋਰਾਂ ਵਿਚਕਾਰ ਤਬਾਦਲਾ ਕੀਤੇ ਜਾਂਦੇ ਸਿਗਰਟ ਅਤੇ ਤੰਬਾਕੂ ਉਤਪਾਦ।** ਆਮ ਤੌਰ ’ਤੇ, ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਦੇ ਤਬਾਦਲੇ ਦੀ ਇਜਾਜ਼ਤ ਨਹੀਂ ਹੈ। ਹਾਲਾਂਕਿ, ਜੇਕਰ ਤੁਹਾਡੇ ਕੋਲ ਇੱਕੋ ਕਾਨੂੰਨੀ ਇਕਾਈ ਅਧੀਨ ਕਈ ਪ੍ਰਚੂਨ ਸਟੋਰ ਹਨ, ਤਾਂ ਤੁਸੀਂ ਆਪਣੀਆਂ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਦੀ ਵਸਤੂ-ਸੂਚੀ ਦੇ ਕੁਝ ਹਿੱਸਿਆਂ ਨੂੰ ਇੱਕ ਪ੍ਰਚੂਨ ਸਟੋਰ ਤੋਂ ਦੂਜੇ ਪ੍ਰਚੂਨ ਸਟੋਰ ਵਿੱਚ ਤਬਦੀਲ ਕਰ ਸਕਦੇ ਹੋ, ਬਸ਼ਰਤੇ ਕਿ ਤਬਦੀਲੀ ਵਿੱਚ ਸ਼ਾਮਲ ਸਥਾਨ ਇੱਕੋ ਕਾਨੂੰਨੀ ਇਕਾਈ ਕੋਲ ਹੋਣ, ਅਤੇ ਤੁਸੀਂ:

- ਹਰੇਕ ਤਬਾਦਲੇ ਦੇ ਸਮੇਂ ਇੱਕ ਤਬਾਦਲਾ ਲੌਗ ਜਾਂ ਇਸੇ ਤਰ੍ਹਾਂ ਦਾ ਦਸਤਾਵੇਜ਼ ਤਿਆਰ ਕਰੋ ਜਿਸ ਵਿੱਚ ਹੇਠ ਲਿਖੀ ਸਾਰੀ ਜਾਣਕਾਰੀ ਸ਼ਾਮਲ ਹੋਵੇ:
  - ਤਬਾਦਲੇ ਦੀ ਮਿਤੀ।
  - ਤਬਦੀਲ ਕਰਨ ਵਾਲੇ ਪਰਚੂਨ ਵਿਕਰੇਤਾ ਦਾ ਨਾਮ, ਪਤਾ, ਅਤੇ ਲਾਇਸੰਸ ਨੰਬਰ ਜਿੱਥੇ ਅਸਲ ਖਰੀਦ ਕੀਤੀ ਗਈ ਸੀ।
  - ਪ੍ਰਾਪਤ ਕਰਨ ਵਾਲੇ ਪਰਚੂਨ ਵਿਕਰੇਤਾ ਦਾ ਨਾਮ, ਪਤਾ, ਅਤੇ ਲਾਇਸੰਸ ਨੰਬਰ ਜਿੱਥੇ ਉਤਪਾਦ ਤਬਦੀਲ ਕੀਤਾ ਗਿਆ ਸੀ।
  - ਸਪਲਾਇਰ (ਡਿਸਟਰੀਬਿਊਟਰ ਜਾਂ ਥੋਕ ਵਿਕਰੇਤਾ) ਦਾ ਨਾਮ ਅਤੇ ਲਾਇਸੰਸ ਨੰਬਰ, ਖਰੀਦ ਇਨਵੌਇਸ ਨੰਬਰ, ਅਤੇ ਅਸਲ ਖਰੀਦ ਦੀ ਮਿਤੀ।
  - ਤਬਦੀਲ ਕੀਤੇ ਗਏ ਉਤਪਾਦ ਦੀ ਸਪਲਾਇਰ, ਖਰੀਦ ਦੀ ਮਿਤੀ, ਅਤੇ ਖਰੀਦ ਇਨਵੌਇਸ ਨੰਬਰ ਅਨੁਸਾਰ ਇੱਕ ਪੜ੍ਹਨਯੋਗ ਵਸਤੂ-ਵਾਰ ਸੂਚੀ ਜਿਸ ਵਿੱਚ ਵਿਸਤ੍ਰਿਤ ਵੇਰਵੇ ਅਤੇ ਤਬਦੀਲ ਕੀਤੀ ਗਈ ਮਾਤਰਾ ਸ਼ਾਮਲ ਹੋਵੇ।
- ਅਸਲ ਤਬਾਦਲਾ ਲੌਗ ਜਾਂ ਇਸੇ ਤਰ੍ਹਾਂ ਦਾ ਦਸਤਾਵੇਜ਼ ਖਰੀਦ ਦੀ ਮਿਤੀ ਤੋਂ ਚਾਰ ਸਾਲਾਂ ਤੱਕ ਸੰਭਾਲ ਕੇ ਰੱਖੋ।
- ਤਬਾਦਲੇ ਵਿੱਚ ਸ਼ਾਮਲ ਦੋਵਾਂ ਸਥਾਨਾਂ 'ਤੇ ਤਬਾਦਲਾ ਲੌਗਾਂ ਜਾਂ ਇਸੇ ਤਰ੍ਹਾਂ ਦੇ ਦਸਤਾਵੇਜ਼ਾਂ ਅਤੇ ਖਰੀਦ ਇਨਵੌਇਸਾਂ ਦੀਆਂ ਕਾਪੀਆਂ ਨੂੰ ਤਬਾਦਲੇ ਦੀ ਮਿਤੀ ਤੋਂ ਘੱਟੋ-ਘੱਟ ਇੱਕ ਸਾਲ ਤੱਕ ਸੰਭਾਲ ਕੇ ਰੱਖੋ।
- ਨਿਰੀਖਣ ਦੇ ਸਮੇਂ ਬੇਨਤੀ ਕਰਨ 'ਤੇ ਤਬਦੀਲ ਕੀਤੇ ਗਏ ਉਤਪਾਦ ਲਈ ਤਬਾਦਲਾ ਲੌਗਾਂ ਜਾਂ ਇਸੇ ਤਰ੍ਹਾਂ ਦੇ ਦਸਤਾਵੇਜ਼ਾਂ ਅਤੇ ਖਰੀਦ ਇਨਵੌਇਸਾਂ ਦੀਆਂ ਕਾਪੀਆਂ ਪਰ੍ਦਾਨ ਕਰੋ।

## ਤਾਮੀਲ

**ਲਾਇਸੰਸ ਦਾ ਪ੍ਰਦਰਸ਼ਨ।**[8] ਜੇਕਰ ਤੁਸੀਂ ਹਰੇਕ ਪ੍ਰਚੂਨ ਸਥਾਨ 'ਤੇ ਜਿੱਥੇ ਤੁਸੀਂ ਸਿਗਰਟਾਂ ਜਾਂ ਤੰਬਾਕੂ ਉਤਪਾਦ ਵੇਚਦੇ ਹੋ, ਆਪਣਾ ਲਾਇਸੰਸ ਅਜਿਹੇ ਢੰਗ ਨਾਲ ਪ੍ਰਦਰਸ਼ਿਤ ਨਹੀਂ ਕਰਦੇ ਜੋ ਜਨਤਾ ਨੂੰ ਸਪੱਸ਼ਟ ਤੌਰ 'ਤੇ ਦਿਖਾਈ ਦੇਵੇ, ਤਾਂ ਤੁਹਾਨੂੰ ਹਰੇਕ ਵਾਰ ਲਈ $500 ਦਾ ਜੁਰਮਾਨਾ ਲਗਾਇਆ ਜਾਵੇਗਾ।

**ਰਿਕਾਰਡ।**[9] ਤੁਹਾਨੂੰ ਆਪਣੇ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਦੇ ਮੁੜ-ਵਿਕਰੀ ਸਟਾਕ ਲਈ ਖਰੀਦ ਇਨਵੌਇਸਾਂ ਸਮੇਤ, ਪੜ੍ਹਨਯੋਗ, ਸਹੀ ਅਤੇ ਸੰਪੂਰਨ ਰਿਕਾਰਡ ਚਾਰ ਸਾਲਾਂ ਤੱਕ ਰੱਖਣੇ ਅਤੇ ਬਰਕਰਾਰ ਰੱਖਣੇ ਚਾਹੀਦੇ ਹਨ। ਇਨਵੌਇਸਾਂ ਨੂੰ ਖਰੀਦ ਦੀ ਮਿਤੀ ਤੋਂ ਘੱਟੋ-ਘੱਟ ਇੱਕ ਸਾਲ ਤੱਕ ਪ੍ਰਚੂਨ ਸਥਾਨ 'ਤੇ ਰੱਖਿਆ ਜਾਣਾ ਚਾਹੀਦਾ ਹੈ। ਜੇਕਰ ਤੁਸੀਂ ਰਿਕਾਰਡ ਬਰਕਰਾਰ ਨਹੀਂ ਰੱਖਦੇ ਅਤੇ ਬੇਨਤੀ ਕਰਨ 'ਤੇ ਉਹਨਾਂ ਨੂੰ ਸਾਡੇ ਪ੍ਰਤੀਨਿਧੀਆਂ ਜਾਂ ਕਿਸੇ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਨੂੰ ਪ੍ਰਦਾਨ ਨਹੀਂ ਕਰਦੇ, ਤਾਂ ਤੁਹਾਨੂੰ ਇੱਕ ਹਲਕੀ ਕਿਸਮ ਦੇ ਜੁਰਮ ਦੇ ਚਲਾਨ ਦਾ ਸਾਹਮਣਾ ਕਰਨਾ ਪੈ

---

[8] B&PC ਭਾਗ 22974.5

[9] B&PC ਧਾਰਾਵਾਂ 22974 ਅਤੇ 22981

ਸਕਦਾ ਹੈ, ਜਿਸਦੀ ਸਜ਼ਾ ਵਜੋਂ $5,000 ਤੱਕ ਦਾ ਜੁਰਮਾਨਾ, ਕਾਉਂਟੀ ਜੇਲ ਵਿੱਚ ਇੱਕ ਸਾਲ ਤਕ ਦੀ ਕੈਦ, ਜਾਂ ਦੋਵੇਂ ਹੋ ਸਕਦੇ ਹਨ।

**ਨਿਰੀਖਣ।** [10] ਸਾਡੇ ਪ੍ਰਤੀਨਿਧੀ ਕਿਸੇ ਵੀ ਅਜਿਹੇ ਸਥਾਨ ਦਾ ਨਿਰੀਖਣ ਕਰਨ ਦਾ ਅਧਿਕਾਰ ਰੱਖਦੇ ਹਨ ਜਿੱਥੇ ਸਿਗਰਟਾਂ ਜਾਂ ਤੰਬਾਕੂ ਉਤਪਾਦ ਵੇਚੇ, ਪੈਦਾ ਕੀਤੇ ਜਾਂ ਸਟੋਰ ਕੀਤੇ ਜਾਂਦੇ ਹਨ, ਜਾਂ ਕਿਸੇ ਵੀ ਅਜਿਹੀ ਜਗ੍ਹਾ ਦਾ ਜਿੱਥੇ ਗੈਰ-ਕਾਨੂੰਨੀ ਗਤੀਵਿਧੀਆਂ ਦੇ ਸਬੂਤ ਹੋਣ। ਨਤੀਜੇ ਵਜੋਂ, ਸਾਡੇ ਪ੍ਰਤੀਨਿਧੀ ਅਤੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਪ੍ਰਚੂਨ ਸਥਾਨਾਂ ਦਾ ਨਿਰੀਖਣ ਕਰ ਸਕਦੇ ਹਨ ਅਤੇ ਕੋਈ ਵੀ ਫਲੇਵਰ ਵਾਲੀਆਂ ਜਾਂ ਟੈਕਸ-ਰਹਿਤ ਸਿਗਰਟਾਂ ਅਤੇ ਤੰਬਾਕੂ ਉਤਪਾਦ ਜ਼ਬਤ ਕਰ ਸਕਦੇ ਹਨ, ਜਿਸ ਵਿੱਚ ਬਿਨਾਂ ਸਟੈਂਪ ਵਾਲੀਆਂ, ਦੂਜੇ ਰਾਜਾਂ ਤੋਂ ਸਟੈਂਪ ਵਾਲੀਆਂ, ਜਾਂ ਨਕਲੀ ਟੈਕਸ ਸਟੈਂਪ ਵਾਲੀਆਂ ਸਿਗਰਟਾਂ ਸ਼ਾਮਲ ਹਨ। ਕੋਈ ਵੀ ਵਿਅਕਤੀ ਜੋ ਜਾਂਚ ਦੀ ਆਗਿਆ ਦੇਣ ਤੋਂ ਮਨ੍ਹਾਂ ਕਰਦਾ ਹੈ, ਉਹ ਖਰਾਬ ਆਚਰਣ ਦਾ ਦੋਸ਼ੀ ਹੁੰਦਾ ਹੈ ਅਤੇ ਜੁਰਮਾਨੇ ਤਹਿਤ ਆ ਜਾਂਦਾ ਹੈ। ਕੋਈ ਵੀ ਪ੍ਰਚੂਨ ਵਿਕਰੇਤਾ ਜਿਸ ਕੋਲ ਟੈਕਸ-ਰਹਿਤ ਸਿਗਰਟਾਂ, ਟੈਕਸ-ਰਹਿਤ ਤੰਬਾਕੂ ਉਤਪਾਦ, ਫਲੇਵਰ ਵਾਲੀਆਂ ਸਿਗਰਟਾਂ, ਫਲੇਵਰ ਵਾਲੇ ਤੰਬਾਕੂ ਉਤਪਾਦ, ਜਾਂ ਤੰਬਾਕੂ ਉਤਪਾਦਾਂ ਦੇ ਫਲੇਵਰ ਵਧਾਉਣ ਵਾਲੇ ਪਦਾਰਥ ਹੋਣ, ਤਾਂ ਉਸਨੂੰ ਜੁਰਮਾਨਿਆਂ ਅਤੇ ਦੰਡਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਵੇਂ ਕਿ ਲਾਇਸੰਸ ਦੀ ਮੁਅੱਤਲੀ।

ਸਾਡੇ ਨਿਰੀਖਣਾਂ ਅਤੇ ਤੁਹਾਡੇ ਅਧਿਕਾਰਾਂ ਬਾਰੇ ਵਧੇਰੇ ਜਾਣਕਾਰੀ ਲਈ, publication 152, *Cigarette and Tobacco Product Inspections* (ਪੰਜਾਬੀ ਵਿੱਚ ਉਪਲਬਧ ਹੈ, ਪ੍ਰਕਾਸ਼ਨ 152-PI, ਸਿਗਰਟ ਅਤੇ ਤੰਬਾਕੂ ਉਤਪਾਦ ਨਿਰੀਖਣ) ਦੇਖੋ, ਅਤੇ ਸਾਡਾ *"ਤੁਹਾਡੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੇ ਨਿਰੀਖਣ* ਬਾਰੇ ਕੀ ਮੰਨਣਾ ਹੈ" ਵੀਡੀਓ *www.youtube.com/watch?v=2k6Dgtdxo8Q* 'ਤੇ ਦੇਖੋ।

**ਗੈਰ-ਕਾਨੂੰਨੀ ਖਰੀਦ।** [11] ਪ੍ਰਚੂਨ ਵਿਕਰੇਤਾਵਾਂ ਲਈ ਕਿਸੇ ਹੋਰ ਪ੍ਰਚੂਨ ਵਿਕਰੇਤਾ ਜਾਂ ਕਿਸੇ ਵੀ ਅਜਿਹੇ ਵਿਕਰੇਤਾ ਤੋਂ ਸਿਗਰਟਾਂ ਜਾਂ ਤੰਬਾਕੂ ਉਤਪਾਦ ਖਰੀਦਣਾ ਗੈਰ-ਕਾਨੂੰਨੀ ਹੈ ਜੋ ਲਾਇਸੰਸਿੰਗ ਐਕਟ ਅਧੀਨ ਲਾਇਸੰਸਸ਼ੁਦਾ ਨਹੀਂ ਹੈ। ਜੇ ਤੁਸੀਂ ਕੋਈ ਗੈਰ-ਕਨੂੰਨੀ ਖਰੀਦ ਕਰਦੇ ਹੋ, ਤਾਂ ਤੁਹਾਡੀਆਂ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਨੂੰ ਜ਼ਬਤ ਕੀਤਾ ਜਾ ਸਕਦਾ ਹੈ, ਤੁਹਾਡੇ ਲਾਇਸੰਸ ਨੂੰ ਮੁਅੱਤਲ ਜਾਂ ਮਨਸੂਖ ਕੀਤਾ ਜਾ ਸਕਦਾ ਹੈ, ਅਤੇ ਤੁਸੀਂ ਜੁਰਮਾਨੇ, ਕੈਦ, ਜਾਂ ਦੋਨਾਂ ਦੇ ਅਧੀਨ ਆ ਸਕਦੇ ਹੋ।

ਕੈਲੀਫੋਰਨੀਆ ਦੇ ਸਿਗਰਟ ਅਤੇ ਤੰਬਾਕੂ ਉਤਪਾਦ ਡਿਸਟ੍ਰੀਬਿਊਟਰ ਜਾਂ ਥੋਕ ਵਿਕਰੇਤਾ ਦੇ ਲਾਇਸੰਸ ਦੀ ਪੁਸ਼ਟੀ ਕਰਨ ਲਈ, ਸਾਡੀ ਵੈੱਬਸਾਈਟ *www.cdtfa.ca.gov/taxes-and-fees/cigarette-licensees.htm* 'ਤੇ ਦੇਖੋ।

**ਗੈਰ-ਕਾਨੂੰਨੀ ਵਿਕਰੀ।** [11] ਪ੍ਰਚੂਨ ਵਿਕਰੇਤਾਵਾਂ ਲਈ ਇਸ ਰਾਜ ਵਿੱਚ ਵਿਕਰੇਤਾ ਪਰਮਿਟ ਅਤੇ ਸਿਗਰਟ ਅਤੇ ਤੰਬਾਕੂ ਉਤਪਾਦ ਪ੍ਰਚੂਨ ਲਾਇਸੰਸ ਤੋਂ ਬਿਨਾਂ ਸਿਗਰਟਾਂ ਜਾਂ ਤੰਬਾਕੂ ਉਤਪਾਦ ਵੇਚਣਾ ਗੈਰ-ਕਾਨੂੰਨੀ ਹੈ, ਜਾਂ ਜਦੋਂ ਉਹਨਾਂ ਦਾ ਲਾਇਸੰਸ ਲਾਇਸੰਸਿੰਗ ਐਕਟ ਅਧੀਨ ਮੁਅੱਤਲ ਜਾਂ ਰੱਦ ਕਰ ਦਿੱਤਾ ਗਿਆ ਹੋਵੇ। ਜੇਕਰ ਤੁਸੀਂ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਦੀਆਂ ਗੈਰ-ਕਾਨੂੰਨੀ ਵਿਕਰੀਆਂ ਕਰਦੇ ਹੋ, ਤਾਂ ਸਾਡੇ ਪ੍ਰਤੀਨਿਧੀ ਜਾਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਤੁਹਾਡੀਆਂ ਸਾਰੀਆਂ ਸਿਗਰਟਾਂ ਅਤੇ ਤੰਬਾਕੂ ਉਤਪਾਦ ਜ਼ਬਤ ਕਰ ਸਕਦੀਆਂ ਹਨ, ਜੋ ਤੁਹਾਨੂੰ ਵਾਪਸ ਨਹੀਂ ਕੀਤੇ ਜਾਣਗੇ।

**ਫਲੇਵਰ ਵਾਲੀਆਂ ਸਿਗਰਟਾਂ, ਫਲੇਵਰ ਵਾਲੇ ਤੰਬਾਕੂ ਉਤਪਾਦਾਂ, ਅਤੇ ਤੰਬਾਕੂ ਉਤਪਾਦਾਂ ਦੇ ਫਲੇਵਰ ਵਧਾਉਣ ਵਾਲੇ ਪਦਾਰਥਾਂ ਦੀ ਪ੍ਰਚੂਨ ਵਿਕਰੀ 'ਤੇ ਪਾਬੰਦੀ।** [12] 21 ਦਸੰਬਰ, 2022 ਤੋਂ ਪ੍ਰਭਾਵੀ, ਫਲੇਵਰਡ ਤੰਬਾਕੂ ਉਤਪਾਦਾਂ ਦੀ ਪਾਬੰਦੀ (FTPB) ਪ੍ਰਚੂਨ ਵਿਕਰੇਤਾਵਾਂ, ਜਿਨ੍ਹਾਂ ਵਿੱਚ ਉਨ੍ਹਾਂ ਦੇ ਕਰਮਚਾਰੀ ਜਾਂ ਏਜੰਟ ਸ਼ਾਮਲ ਹਨ, ਨੂੰ ਫਲੇਵਰ ਵਾਲੀਆਂ ਸਿਗਰਟਾਂ, ਫਲੇਵਰ ਵਾਲੇ ਤੰਬਾਕੂ ਉਤਪਾਦਾਂ, ਅਤੇ ਤੰਬਾਕੂ ਉਤਪਾਦਾਂ ਦੇ ਫਲੇਵਰ ਵਧਾਉਣ ਵਾਲੇ ਪਦਾਰਥਾਂ ਦੀ ਵਿਕਰੀ, ਪੇਸ਼ਕਸ਼, ਜਾਂ ਵੇਚਣ ਦੇ ਇਰਾਦੇ ਨਾਲ ਕਬਜ਼ੇ ਵਿੱਚ ਰੱਖਣ ਤੋਂ ਰੋਕਦੀ ਹੈ।

1 ਜਨਵਰੀ, 2025 ਤੋਂ ਪ੍ਰਭਾਵੀ, ਸਾਡੇ ਪ੍ਰਤੀਨਿਧੀ ਜਾਂ ਕੋਈ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਤੁਹਾਡੀਆਂ ਸਾਰੀਆਂ ਫਲੇਵਰ ਵਾਲੀਆਂ ਸਿਗਰਟਾਂ, ਫਲੇਵਰ ਵਾਲੇ ਤੰਬਾਕੂ ਉਤਪਾਦਾਂ, ਜਾਂ ਤੰਬਾਕੂ ਉਤਪਾਦਾਂ ਦੇ ਫਲੇਵਰ ਵਧਾਉਣ ਵਾਲੇ ਪਦਾਰਥਾਂ ਨੂੰ ਜ਼ਬਤ ਕਰ ਸਕਦੀ ਹੈ। ਜ਼ਬਤ ਕੀਤੇ ਗਏ ਉਤਪਾਦਾਂ ਨੂੰ ਰਾਜ ਲਈ ਜ਼ਬਤ ਮੰਨਿਆ ਜਾਵੇਗਾ ਅਤੇ ਨਸ਼ਟ ਕਰ ਦਿੱਤਾ ਜਾਵੇਗਾ। ਅਸੀਂ ਜ਼ਬਤ ਕੀਤੇ ਗਏ ਪ੍ਰਤੀ ਵਿਅਕਤੀਗਤ ਪੈਕੇਜ 'ਤੇ $50 ਦਾ ਸਿਵਲ ਜੁਰਮਾਨਾ ਲਗਾਵਾਂਗੇ। ਵਾਰ-ਵਾਰ ਉਲੰਘਣਾ ਕਰਨ ਵਾਲਿਆਂ ਨੂੰ ਲਾਇਸੰਸ ਦੀ ਮੁਅੱਤਲੀ ਜਾਂ ਰੱਦ ਹੋਣ ਦਾ ਵੀ ਸਾਹਮਣਾ ਕਰਨਾ ਪਵੇਗਾ।

---

[10] R&TC ਧਾਰਾ 30435 ਅਤੇ B&PC ਧਾਰਾਵਾਂ 22980, 22981, 22974.2, ਅਤੇ 22978.3

[11] B&PC ਧਾਰਾਵਾਂ 22974.7, 22980.1, ਅਤੇ 22981

[12] ਸਿਹਤ ਅਤੇ ਸੁਰੱਖਿਆ ਕੋਡ ਧਾਰਾ 104559.5 ਅਤੇ B&PC ਧਾਰਾ 22974.2

**ਲਾਇਸੰਸ ਦੀ ਮੁਅੱਤਲੀ ਜਾਂ ਰੱਦ ਹੋਣਾ।** [13] ਸਿਗਰਟ ਅਤੇ ਤੰਬਾਕੂ ਉਤਪਾਦਾਂ ਦਾ ਲਾਇਸੰਸ, ਲਾਇਸੰਸ ਮੁਅੱਤਲੀ ਦੀ ਮਿਆਦ ਦੌਰਾਨ ਜਾਂ ਲਾਇਸੰਸ ਰੱਦ ਹੋਣ ਦੀ ਪ੍ਰਭਾਵੀ ਮਿਤੀ ਤੋਂ ਬਾਅਦ ਵੈਧ ਨਹੀਂ ਹੁੰਦਾ। ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਨੂੰ ਵੇਚਣਾ, ਤੋਹਫ਼ੇ ਵਜੋਂ ਦੇਣਾ, ਜਾਂ ਵੇਚਣ ਲਈ ਪ੍ਰਦਰਸ਼ਿਤ ਕਰਨਾ ਬਿਨਾਂ ਵੈਧ ਲਾਇਸੰਸ ਦੇ ਵਰਜਿਤ ਹੈ।

ਇੱਕ ਪ੍ਰਚੂਨ ਵਿਕਰੇਤਾ ਜਿਸਦਾ ਲਾਇਸੰਸ ਮੁਅੱਤਲ ਕੀਤਾ ਗਿਆ ਹੈ, ਉਸਨੂੰ ਮੁਅੱਤਲੀ ਦੀ ਮਿਆਦ ਦੌਰਾਨ ਉਸ ਪ੍ਰਚੂਨ ਸਥਾਨ 'ਤੇ *ਮੁਅੱਤਲੀ ਦਾ ਨੋਟਿਸ* ਲਗਾਉਣਾ ਲਾਜ਼ਮੀ ਹੈ ਜਿੱਥੇ ਉਲੰਘਣਾ ਜਾਂ ਵਿਗਾੜ ਹੋਇਆ ਸੀ। ਇੱਕ ਪ੍ਰਚੂਨ ਵਿਕਰੇਤਾ ਜਿਸਦਾ ਲਾਇਸੰਸ ਰੱਦ ਕਰ ਦਿੱਤਾ ਗਿਆ ਹੈ, ਉਸਨੂੰ ਰੱਦ ਕਰਨ ਦੀ ਪ੍ਰਭਾਵੀ ਮਿਤੀ ਤੋਂ 30-ਦਿਨਾਂ ਦੀ ਮਿਆਦ ਲਈ ਉਸ ਪ੍ਰਚੂਨ ਸਥਾਨ 'ਤੇ *ਰੱਦ ਕਰਨ ਦਾ ਨੋਟਿਸ* ਲਗਾਉਣਾ ਲਾਜ਼ਮੀ ਹੈ ਜੋ ਰੱਦ ਕਰਨ ਦੇ ਅਧੀਨ ਹੈ।

ਸਥਗਿਤੀ ਦੀ ਮਿਆਦ ਦੌਰਾਨ ਜਾਂ ਮਨਸੂਖੀ ਦੀ ਪ੍ਰਭਾਵੀ ਤਾਰੀਖ਼ ਦੇ ਬਾਅਦ ਵੀ ਨਿਰੰਤਰ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਦੀ ਵਿਕਰੀ ਕਰਨਾ ਜਾਂ ਤੋਹਫ਼ੇ ਵਜੋਂ ਵੰਡਣਾ ਇੱਕ ਬਦਤਮੀਜ਼ੀ ਹੈ ਅਤੇ ਇਸਦਾ ਸਿੱਟਾ ਇਹ ਹੋਵੇਗਾ ਕਿ ਵਿਅਕਤੀ ਦੇ ਕਬਜ਼ੇ ਵਿਚਲੀਆਂ ਸਾਰੀਆਂ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਨੂੰ ਪਕੜਕੇ ਜ਼ਬਤ ਕਰ ਲਿਆ ਜਾਵੇਗਾ।

ਤੁਹਾਨੂੰ ਹਰੇਕ ਅਪਰਾਧ ਲਈ $1,000 ਦਾ ਸਿਵਲ ਜੁਰਮਾਨਾ ਲਗਾਇਆ ਜਾਵੇਗਾ ਜੇਕਰ ਤੁਸੀਂ:

- ਮੁਅੱਤਲੀ ਜਾਂ ਰੱਦ ਕਰਨ ਦੀ ਨੋਟਿਸ ਨੂੰ ਲਾਜ਼ਮੀ ਤੌਰ 'ਤੇ ਪਰ੍ਦਰਸ਼ਿਤ ਨਹੀਂ ਕਰਦੇ ਹੋ।
- ਮੁਅੱਤਲੀ ਜਾਂ ਰੱਦ ਕਰਨ ਨੋਟਿਸ ਵਿੱਚ ਕੋਈ ਤਬਦੀਲੀ ਕਰਦੇ ਹੋ।
- ਲੋੜੀਂਦੀ ਚਿਪਕਾਉਣ/ਪਰ੍ਦਰਸ਼ਿਤ ਕਰਨ ਦੀ ਮਿਆਦ ਤੋਂ ਪਹਿਲਾਂ ਮੁਅੱਤਲੀ ਜਾਂ ਰੱਦ ਕਰਨ ਦੇ ਨੋਟਿਸ ਨੂੰ ਹਟਾ ਦਿੰਦੇ ਹੋ।
- ਮੁਅੱਤਲੀ ਦੀ ਮਿਆਦ ਦੌਰਾਨ ਜਾਂ ਰੱਦ ਹੋਣ ਤੋਂ ਬਾਅਦ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਨੂੰ ਵਿਕਰੀ ਲਈ ਪਰ੍ਦਰਸ਼ਿਤ ਕਰਨਾ ਜਾਰੀ ਰੱਖਦੇ ਹੋ।

[13] B&PC sections 22980.2, 22980.3, 22980.4, 22980.5.

## ਵਧੇਰੀ ਜਾਣਕਾਰੀ ਲਈ

ਸਾਡੀ ਵੈੱਬਸਾਈਟ 'ਤੇ ਦੇਖੋ *www.cdtfa.ca.gov* ਜਾਂ ਸਾਡੇ ਗਾਹਕ ਸੇਵਾ ਕੇਂਦਰ ਨੂੰ 1-800-400-7115 (TTY:711) 'ਤੇ ਕਾਲ ਕਰੋ। ਗਾਹਕ ਸੇਵਾ ਪ੍ਰਤੀਨਿਧੀ ਰਾਜ ਦੀਆਂ ਛੁੱਟੀਆਂ ਨੂੰ ਛੱਡ ਕੇ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 7:30 ਵਜੇ ਤੋਂ ਸ਼ਾਮ 5:00 ਵਜੇ (ਪੈਸੀਫਿਕ ਸਮਾਂ) ਤੱਕ ਉਪਲਬਧ ਹੁੰਦੇ ਹਨ।

## ਟੈਕਸਪੇਅਰਜ਼' ਰਾਈਟਸ ਐਡਵੋਕੇਟ

ਸਧਾਰਨ ਚੈਨਲਾਂ (ਜਿਵੇਂ ਕਿ ਸੁਪਰਵਾਈਜ਼ਰ ਨਾਲ ਗੱਲ ਕਰਕੇ) ਰਾਹੀਂ ਹੱਲ ਨਾ ਹੋ ਸਕਣ ਵਾਲੀਆਂ ਸਮੱਸਿਆਵਾਂ ਲਈ ਸਹਾਇਤਾ ਵਾਸਤੇ ਟੋਲ-ਫ੍ਰੀ 1-888-324-2798 'ਤੇ ਕਾਲ ਕਰੋ।

*ਕਿਰਪਾ ਕਰਕੇ ਧਿਆਨ ਦਿਓ*: ਇਹ ਪ੍ਰਕਾਸ਼ਨ ਕਵਰ 'ਤੇ ਦਰਸਾਈ ਗਈ ਪ੍ਰਕਾਸ਼ਨ ਮਿਤੀ ਤੱਕ ਲਾਗੂ ਕਾਨੂੰਨਾਂ ਅਤੇ ਨਿਯਮਾਂ ਦਾ ਸਾਰ ਪੇਸ਼ ਕਰਦਾ ਹੈ। ਹਾਲਾਂਕਿ, ਉਸ ਸਮੇਂ ਤੋਂ ਲੈਕੇ ਕਨੂੰਨ ਜਾਂ ਅਧਿਨਿਯਮਾਂ ਵਿੱਚ ਤਬਦੀਲੀਆਂ ਹੋਈਆਂ ਹੋ ਸਕਦੀਆਂ ਹਨ। ਜੇ ਪ੍ਰਕਾਸ਼ਨਾ ਜਾਂ ਅਧਿਨਿਯਮਾਂ ਵਿਚਕਾਰ ਕੋਈ ਵਿਵਾਦ ਹੈ, ਤਾਂ ਫੈਸਲੇ ਕਨੂੰਨ ਅਤੇ ਅਧਿਨਿਯਮਾਂ 'ਤੇ ਆਧਾਰਿਤ ਹੋਣਗੇ ਨਾ ਕਿ ਇਸ ਪ੍ਰਕਾਸ਼ਨਾ 'ਤੇ।

ਪ੍ਰਕਾਸ਼ਨਾ 78-PI
ਫਰਵਰੀ 2025